

ਡਾਊਨ ਸਿੰਡਰੋਮ ਬਾਰੇ

# ਤੱਥ ਸ਼ੀਟ

Down Syndrome Australia

## ਡਾਊਨ ਸਿੰਡਰੋਮ ਬਾਰੇ

ਡਾਊਨ ਸਿੰਡਰੋਮ ਸਭ ਤੋਂ ਆਮ ਜਿਨਸੀ ਅਪਾਹਜਤਾ ਹੈ। ਆਸਟਰੇਲੀਆ ਵਿਚ ਲਗਭਗ 13,000 ਲੋਕਾਂ ਨੂੰ ਡਾਊਨ ਸਿੰਡਰੋਮ ਹੈ। ਡਾਊਨ ਸਿੰਡਰੋਮ ਦੇ ਨਾਲ ਜਨਮ ਦੀ ਦਰ ਆਸਟਰੇਲੀਆ ਵਿੱਚ ਹਰੇਕ 1,100 ਜਨਮਾਂ ਪਿੱਛੇ ਇੱਕ ਹੈ।

ਡਾਊਨ ਸਿੰਡਰੋਮ ਕੋਈ ਬਿਮਾਰੀ ਜਾਂ ਰੋਗ ਨਹੀਂ ਹੈ। ਡਾਊਨ ਸਿੰਡਰੋਮ ਉਦੋਂ ਹੁੰਦਾ ਹੈ ਜਦੋਂ ਵਿਅਕਤੀ ਇੱਕ ਵਾਧੂ ਕ੍ਰੋਮੋਸੋਮ ਨਾਲ ਪੈਦਾ ਹੁੰਦਾ ਹੈ। ਡਾਊਨ ਸਿੰਡਰੋਮ ਵਾਲੇ ਲੋਕਾਂ ਦੇ 46 ਦੀ ਬਜਾਏ 47 ਕ੍ਰੋਮੋਸੋਮ ਹੁੰਦੇ ਹਨ। ਉਨ੍ਹਾਂ ਕੋਲ ਇਕ ਵਧੇਰੇ ਕ੍ਰੋਮੋਸੋਮ 21 ਹੁੰਦਾ ਹੈ, ਇਸੇ ਕਰਕੇ ਡਾਊਨ ਸਿੰਡਰੋਮ ਨੂੰ ਕਈ ਵਾਰ ਟ੍ਰਾਈਸੋਮ 21 ਵੀ ਕਿਹਾ ਜਾਂਦਾ ਹੈ। ਡਾਊਨ ਸਿੰਡਰੋਮ ਦਾ ਨਾਮ ਡਾ. ਜੌਨ ਲੈਂਗਡਨ ਡਾਊਨ ਦੇ ਨਾਮ ਤੇ ਰੱਖਿਆ ਗਿਆ ਜਿਹਨਾ ਨੇ ਸਭ ਤੋਂ ਪਹਿਲਾਂ ਇਸ ਦਾ ਵਰਣਨ ਕੀਤਾ।

ਡਾਊਨ ਸਿੰਡਰੋਮ ਬੌਧਿਕ ਵਿਕਾਸ, ਕੁਝ ਸਰੀਰਕ ਵਿਸ਼ੇਸ਼ਤਾਵਾਂ ਅਤੇ ਵਿਅਕਤੀ ਦੀ ਸਰੀਰਕ ਸਿਹਤ ਦੇ ਪਹਿਲੂਆਂ ਨੂੰ ਪ੍ਰਭਾਵਤ ਕਰਦਾ ਹੈ। ਕਿਉਂਕਿ ਕੋਈ ਵੀ ਦੋ ਲੋਕ ਇਕੋ ਜਿਹੇ ਨਹੀਂ ਹੁੰਦੇ, ਇਹ ਇਕ ਵਿਅਕਤੀ ਤੋਂ ਦੂਜੇ ਵਿਅਕਤੀ ਵਿਚ ਵੱਖੋ ਵੱਖਰਾ ਹੁੰਦਾ ਹੈ।

ਹਾਲਾਂਕਿ ਅਸੀਂ ਜਾਣਦੇ ਹਾਂ ਕਿ ਡਾਊਨ ਸਿੰਡਰੋਮ ਕਿਵੇਂ ਹੁੰਦਾ ਹੈ, ਪਰ ਸਾਨੂੰ ਇਹ ਨਹੀਂ ਪਤਾ ਕਿ ਅਜਿਹਾ ਕਿਉਂ ਹੁੰਦਾ ਹੈ। ਡਾਊਨ ਸਿੰਡਰੋਮ ਸਾਰੇ ਨਸਲੀ ਅਤੇ ਸਮਾਜਿਕ ਸਮੂਹਾਂ ਅਤੇ ਹਰ ਉਮਰ ਦੇ ਮਾਪਿਆਂ ਲਈ, ਗਰਭ ਧਾਰਨ ਕਰਨ ਵੇਲੇ ਹੁੰਦਾ ਹੈ। ਇਸ ਵਿਚ ਕਿਸੇ ਦਾ ਕਸੂਰ ਨਹੀਂ ਹੈ। ਇਸਦਾ ਕੋਈ ਇਲਾਜ ਨਹੀਂ ਹੈ ਅਤੇ ਇਹ ਦੂਰ ਨਹੀਂ ਹੁੰਦਾ ਹੈ। ਡਾਊਨ ਸਿੰਡਰੋਮ ਦਾ ਪਤਾ ਜਨਮ ਤੋਂ ਪਹਿਲਾਂ ਜਾਂ ਜਨਮ ਸਮੇਂ ਲਗਾਇਆ ਜਾ ਸਕਦਾ ਹੈ ਅਤੇ ਖੂਨ ਦੀ ਜਾਂਚ ਦੁਆਰਾ ਇਸਦੀ ਪੁਸ਼ਟੀ ਕੀਤੀ ਜਾਂਦੀ ਹੈ।

## ਡਾਊਨ ਸਿੰਡਰੋਮ ਹੋਣ ਦਾ ਕੀ ਮਤਲਬ ਹੈ?

ਅੱਜ-ਕੱਲ ਡਾਊਨ ਸਿੰਡਰੋਮ ਦੇ ਨਾਲ ਵੱਡੇ ਹੋ ਰਹੇ ਜ਼ਿਆਦਾਤਰ ਨੌਜਵਾਨ ਲੋਕ ਭਾਈਚਾਰੇ ਵਿਚ ਕਾਫ਼ੀ ਸਧਾਰਣ ਜ਼ਿੰਦਗੀ ਜਿਉਣਗੇ। ਡਾਊਨ ਸਿੰਡਰੋਮ ਵਾਲੇ ਕੁਝ ਲੋਕਾਂ ਨੂੰ ਆਮ ਜ਼ਿੰਦਗੀ ਜਿਉਣ ਲਈ ਵਧੇਰੇ ਮਦਦ ਦੀ ਜ਼ਰੂਰਤ ਨਹੀਂ ਪੈ ਸਕਦੀ, ਜਦੋਂ ਕਿ ਦੂਜਿਆਂ ਨੂੰ ਬਹੁਤ ਜ਼ਿਆਦਾ ਸਹਾਇਤਾ ਦੀ ਲੋੜ ਹੋ ਸਕਦੀ ਹੈ।

### ਬੌਧਿਕ ਤੌਰ ਤੇ ਅਪਾਹਿਜ ਹੋਣਾ

ਡਾਊਨ ਸਿੰਡਰੋਮ ਬੌਧਿਕ ਅਪੰਗਤਾ ਦਾ ਸਭ ਤੋਂ ਆਮ ਕਾਰਣ ਹੈ ਜਿਸ ਬਾਰੇ ਅਸੀਂ ਜਾਣਦੇ ਹਾਂ। ਡਾਊਨ ਸਿੰਡਰੋਮ ਵਾਲੇ ਹਰੇਕ ਵਿਅਕਤੀ ਨੂੰ ਕਿਸੇ ਨਾ ਕਿਸੇ ਪੱਧਰ ਦੀ ਬੌਧਿਕ ਅਸਮਰੱਥਾ ਹੁੰਦੀ ਹੈ। ਵਿਕਾਸ ਦੇ ਵਿਚ ਕੁਝ ਦੇਰੀ ਹੋਵੇਗੀ ਅਤੇ ਸਿੱਖਣ ਵਿਚ ਵੀ ਕੁਝ ਮੁਸ਼ਕਲ ਹੋਵੇਗੀ। ਕਿਉਂਕਿ ਹਰ ਕੋਈ ਵਿਲੱਖਣ ਹੈ, ਇਸ ਲਈ ਦੇਰੀ ਦਾ ਪੱਧਰ ਹਰੇਕ ਵਿਅਕਤੀ ਵਿਚ ਵੱਖਰਾ ਹੋਵੇਗਾ।

ਜਦੋਂ ਇੱਕ ਬੱਚਾ ਪੈਦਾ ਹੁੰਦਾ ਹੈ, ਇਹ ਦੱਸਣ ਦਾ ਕੋਈ ਤਰੀਕਾ ਨਹੀਂ ਹੁੰਦਾ ਕਿ ਬੱਚੇ ਦੇ ਵਿੱਚ ਕਿਸ ਪੱਧਰ ਦੀ ਬੌਧਿਕ ਅਪੰਗਤਾ ਹੋ ਸਕਦੀ ਹੈ। ਨਾ ਹੀ ਅਸੀਂ ਇਸ ਦਾ ਅੰਦਾਜ਼ਾ ਲਗਾ ਸਕਦੇ ਹਾਂ ਕਿਸ ਤਰੀਕੇ ਨਾਲ ਇਹ ਕਿਸੇ ਵਿਅਕਤੀ ਦੇ ਜੀਵਨ ਨੂੰ ਪ੍ਰਭਾਵਤ ਕਰ ਸਕਦਾ ਹੈ। ਹਾਲਾਂਕਿ, ਅਸੀਂ ਜਾਣਦੇ ਹਾਂ ਕਿ ਡਾਊਨ ਸਿੰਡਰੋਮ ਦਾ ਹੋਣਾ ਸਭ ਤੋਂ ਮਹੱਤਵਪੂਰਣ ਪ੍ਰਭਾਵ ਨਹੀਂ ਪਾਵੇਗਾ ਕਿ ਉਹ ਵਿਅਕਤੀ ਕਿਵੇਂ ਵਿਕਸਿਤ ਹੁੰਦਾ ਹੈ ਅਤੇ ਆਪਣੀ ਜ਼ਿੰਦਗੀ ਕਿਵੇਂ ਜੀਉਂਦਾ ਹੈ। ਇਸ ਦੀ ਬਜਾਏ, ਜਨਮ ਤੋਂ ਬਾਅਦ ਜੋ ਕੁਝ ਵਾਪਰਦਾ ਹੈ ਉਹ ਮਹੱਤਵਪੂਰਣ ਹੋਵੇਗਾ ਕਿਉਂਕਿ ਪਰਿਵਾਰਕ, ਵਾਤਾਵਰਣਕ, ਸਭਿਆਚਾਰਕ ਅਤੇ ਸਮਾਜਕ ਕਾਰਕ ਉਨ੍ਹਾਂ ਦੇ ਜੀਵਨ ਨੂੰ ਆਕਾਰ ਦੇਣਗੇ, ਜਿਵੇਂ ਕਿ ਹਰ ਕਿਸੇ ਨਾਲ ਹੁੰਦਾ ਹੈ।

ਡਾਊਨ ਸਿੰਡਰੋਮ ਵਾਲੇ ਬਹੁਤ ਸਾਰੇ ਲੋਕ ਸਾਫ਼ ਅਤੇ ਸਪੱਸ਼ਟ ਤੌਰ ਤੇ ਬੋਲਦੇ ਹਨ, ਹਾਲਾਂਕਿ – ਬਹੁਤਿਆਂ ਲਈ – ਸਪਸ਼ਟ ਬੋਲਣਾ ਮੁਸ਼ਕਲ ਹੋ ਸਕਦਾ ਹੈ ਅਤੇ ਇਸ ਨੂੰ ਹਾਸਲ ਕਰਨ ਲਈ ਉਨ੍ਹਾਂ ਨੂੰ ਭਾਸ਼ਾ ਅਤੇ ਸਪੀਚ ਥੈਰੇਪੀ ਦੀ ਜ਼ਰੂਰਤ ਹੋਏਗੀ। ਕੁਝ ਲੋਕਾਂ ਲਈ ਭਾਸ਼ਾ ਦਾ ਵਿਕਾਸ ਕਰਨਾ ਜਾਂ ਸਪਸ਼ਟ ਤੌਰ ਤੇ ਬੋਲਣਾ ਬਹੁਤ ਮੁਸ਼ਕਲ ਹੋਏਗਾ। ਹਾਲਾਂਕਿ, ਵਿਅਕਤੀ ਦੀ ਬੋਲਣ ਦੀ ਯੋਗਤਾ ਨੂੰ ਪਰੇ ਕਰਕੇ, ਡਾਊਨ ਸਿੰਡਰੋਮ ਵਾਲੇ ਲੋਕ ਸ਼ਬਦਾਂ ਨਾਲ ਬੋਲ ਕੇ ਪ੍ਰਗਟ ਕਰਨ ਨਾਲੋਂ ਬਹੁਤ ਜਿਆਦਾ ਕੁਝ ਸਮਝ ਸਕਦੇ ਹਨ। ਇਸਦਾ ਅਕਸਰ ਮਤਲਬ ਹੁੰਦਾ ਹੈ ਕਿ ਉਨ੍ਹਾਂ ਦੀਆਂ ਕਾਬਲੀਅਤਾਂ ਨੂੰ ਘੱਟ ਗਿਣਿਆ ਜਾਂਦਾ ਹੈ, ਜਿਸ ਨਾਲ ਨਿਰਾਸ਼ਾ ਅਤੇ ਇਕੱਲਾਪਨ ਹੋ ਸਕਦਾ ਹੈ।

## ਆਮ ਜ਼ਿੰਦਗੀ ਬਤੀਤ ਕਰਨਾ

ਡਾਊਨ ਸਿੰਡਰੋਮ ਵਾਲੇ ਲੋਕ ਕਿਸੇ ਤੋਂ ਵੱਖਰੇ ਨਹੀਂ ਹੁੰਦੇ।

ਉਨ੍ਹਾਂ ਦੀ ਜ਼ਿੰਦਗੀ ਵਿਚ ਵੀ ਉਹੀ ਲੋੜਾਂ ਅਤੇ ਇੱਛਾਵਾਂ ਹਨ ਜੋ ਸਾਡੇ ਸਾਰਿਆਂ ਦੀਆਂ ਹੁੰਦੀਆਂ ਹਨ, ਜਿਸ ਵਿਚ ਸ਼ਾਮਲ ਹਨ:

- ਰਹਿਣ ਲਈ ਵਧੀਆ ਜਗ੍ਹਾ
- ਚੰਗੀ ਨੌਕਰੀ
- ਦੋਸਤਾਂ ਅਤੇ ਪਰਿਵਾਰ ਦੀ ਸੰਗਤ ਦਾ ਅਨੰਦ ਲੈਣ ਦਾ ਮੌਕਾ
- ਪਿਆਰ ਅਤੇ ਨੇੜਤਾ
- ਆਪਣੇ ਭਾਈਚਾਰੇ ਵਿਚ ਇਕ ਭੂਮਿਕਾ ਹੋਣਾ।

ਹਾਲਾਂਕਿ, ਇਨ੍ਹਾਂ ਟੀਚਿਆਂ ਨੂੰ ਪ੍ਰਾਪਤ ਕਰਨਾ ਡਾਊਨ ਸਿੰਡਰੋਮ ਵਾਲੇ ਲੋਕਾਂ ਲਈ ਦੂਸਰੇ ਹਰ ਕਿਸੇ ਨਾਲੋਂ ਔਖਾ ਹੋ ਸਕਦਾ ਹੈ। ਡਾਊਨ ਸਿੰਡਰੋਮ ਵਾਲੇ ਬਹੁਤ ਸਾਰੇ ਲੋਕਾਂ ਨੂੰ ਉਸ ਤਰ੍ਹਾਂ ਦੀ ਜ਼ਿੰਦਗੀ ਜਿਉਣ ਲਈ, ਜੋ ਕਿ ਸਾਡੇ ਸਾਰਿਆਂ ਲਈ ਆਮ ਹੈ, ਕਿਸੇ ਹੱਦ ਤੱਕ ਸਹਾਇਤਾ ਦੀ ਜ਼ਰੂਰਤ ਹੁੰਦੀ ਹੈ।

ਪਿਛਲੇ ਸਮੇਂ ਵਿੱਚ, ਡਾਊਨ ਸਿੰਡਰੋਮ ਵਾਲੇ ਬਹੁਤ ਸਾਰੇ ਲੋਕਾਂ ਨੂੰ ਆਪਣੀ ਪੂਰੀ ਸਮਰੱਥਾ ਦੇ ਅਨੁਸਾਰ ਵਿਕਾਸ ਦਾ ਮੌਕਾ ਨਹੀਂ ਮਿਲਿਆ ਸੀ। ਅਕਸਰ,ਉਹਨਾਂ ਨੂੰ ਬਾਕੀ ਭਾਈਚਾਰੇ ਤੋਂ ਵੱਖ, ਅਲੱਗ ਥਾਵਾਂ ਜਿਵੇਂ ਸਾਂਭ ਸੰਭਾਲ ਵਾਲੀਆਂ ਸੰਸਥਾਵਾਂ ਵਿੱਚ ਰੱਖਿਆ ਜਾਂਦਾ ਸੀ। ਉਨ੍ਹਾਂ ਤੋਂ ਘੱਟ ਉਮੀਦਾਂ ਰੱਖੀਆਂ ਜਾਂਦੀਆਂ ਸਨ, ਅਤੇ ਸਿੱਖਣ ਅਤੇ ਨਿੱਜੀ ਵਿਕਾਸ ਦੇ ਮੌਕੇ ਘੱਟ ਸਨ।

ਅੱਜ, ਡਾਊਨ ਸਿੰਡਰੋਮ ਵਾਲੇ ਲੋਕਾਂ ਲਈ ਵਧੀਆ ਸਿਹਤ ਅਤੇ ਡਾਕਟਰੀ ਤਰੱਕੀ ਦੇ ਨਾਲ ਨਾਲ ਵਧੀਆ ਸਿੱਖਿਆ ਅਤੇ ਵਿਕਾਸ ਦੇ ਮੌਕੇ ਵੀ ਹਨ, ਜਿਨ੍ਹਾਂ ਨੇ ਜੀਵਨ ਦੀ ਗੁਣਵੱਤਾ ਦੇ ਵਿਚ ਸੁਧਾਰ ਮੁੱਹਈਆ ਕੀਤਾ ਹੈ।

ਕਿਸੇ ਭਾਈਚਾਰੇ ਦਾ ਹਿੱਸਾ ਬਣਨ ਲਈ ਤੁਹਾਨੂੰ ਉਸ ਦੇ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ। ਇਸਦਾ ਮਤਲਬ ਇਹ ਹੈ ਕਿ ਜਿਨ੍ਹਾਂ ਲੋਕਾਂ ਨੇ ਸਿਰਫ ਵੱਖਰੀ ਜਗ੍ਹਾ ਵਿੱਚ ਜ਼ਿੰਦਗੀ ਦਾ ਤਜਰਬਾ ਕੀਤਾ ਹੈ, ਉਹਨਾਂ ਨੂੰ ਆਮ ਭਾਈਚਾਰੇ ਵਿੱਚ ਸ਼ਾਮਲ ਕਰਨ ਵਿਚ ਮੁਸ਼ਕਲ ਹੋ ਸਕਦੀ ਹੈ। ਉਨ੍ਹਾਂ ਲੋਕਾਂ ਲਈ ਜ਼ਿੰਦਗੀ ਜੋ ਪਰਿਵਾਰਾਂ ਅਤੇ ਭਾਈਚਾਰੇ ਵਿੱਚ ਰਹਿ ਕੇ ਵੱਡੇ ਹੁੰਦੇ ਹਨ ਇਹਨਾਂ ਲੋਕਾਂ ਨਾਲੋਂ ਬਹੁਤ ਵੱਖਰੀ ਹੋਵੇਗੀ ਜਿਹੜੇ ਹਮੇਸ਼ਾ ਦੇਖਭਾਲ ਦੀਆਂ ਸਹੂਲਤਾਂ ਵਿੱਚ ਰਹੇ ਹਨ।

ਡਾਊਨ ਸਿੰਡਰੋਮ ਵਾਲੇ ਬੱਚਿਆਂ ਨੂੰ ਸਕੂਲ ਜਾਣ ਅਤੇ ਉਹਨਾਂ ਦੇ ਭਾਈਚਾਰੇ ਵਿੱਚੋ ਆਪਣੇ ਹਾਣੀਆਂ ਨਾਲ ਗਤੀਵਿਧੀਆਂ ਵਿਚ ਸ਼ਾਮਲ ਹੋਣ ਲਈ ਉਤਸ਼ਾਹਿਤ ਕਰਨ ਦੇ ਬਹੁਤ ਸਾਰੇ ਫਾਇਦੇ ਹਨ। ਇਹ ਜਵਾਨੀ ਵੱਲ ਤਬਦੀਲੀ ਦਾ ਬਿਨਾ ਕਿਸੇ ਰੁਕਾਵਟ ਦੇ ਰਾਹ ਖੋਲ੍ਹਦਾ ਹੈ ਅਤੇ ਸਮਾਜ ਵਿੱਚ ਅਰਥਪੂਰਨ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਦਾ ਹੈ।

ਡਾਊਨ ਸਿੰਡਰੋਮ ਵਾਲੇ ਲੋਕਾਂ ਨੂੰ ਆਪਣੀ ਪੂਰੀ ਸਮਰੱਥਾ ਉੱਤੇ ਪਹੁੰਚਣ ਲਈ ਮੌਕਿਆਂ ਦੀ ਜ਼ਰੂਰਤ ਹੁੰਦੀ ਹੈ, ਜਿਵੇਂ ਕਿ ਸਾਨੂ ਸਭ ਨੂੰ ਹੁੰਦੀ ਹੈ। ਜਦੋਂ ਇਹ ਮੌਕੇ ਦਿੱਤੇ ਜਾਂਦੇ ਹਨ, ਤਾਂ ਉਹ ਆਪਣੇ ਪਰਿਵਾਰਾਂ ਅਤੇ ਭਾਈਚਾਰੇ ਦੇ ਮਹੱਤਵਪੂਰਣ ਅਤੇ ਲਾਭਕਾਰੀ ਜੀਅ ਬਣਦੇ ਹਨ।

## ਇਕ ਵਿਅਕਤੀ ਵਜੋਂ

ਡਾਊਨ ਸਿੰਡਰੋਮ ਦਾ ਸਾਹਮਣਾ ਕਰਨ ਵਾਲੇ ਲੋਕਾਂ ਵਿੱਚ ਸਭ ਤੋਂ ਵੱਡੀ ਚੁਣੌਤੀ ਦੂਸਰੇ ਲੋਕਾਂ ਦਾ ਰਵੱਈਆ ਹੈ, ਜੋ ਇਹ ਨਹੀਂ ਸਮਝਦੇ ਕਿ ਡਾਊਨ ਸਿੰਡਰੋਮ ਹੋਣ ਦਾ ਕੀ ਅਰਥ ਹੈ। ਬਹੁਤ ਬਦਲਾਵ ਦੇ ਬਾਵਜੂਦ, ਬਹੁਤ ਸਾਰੇ ਲੋਕ ਅਜੇ ਵੀ ਵਿਅਕਤੀ ਨੂੰ ਵਿਅਕਤੀਗਤ ਤੋਰ ਤੇ ਨਹੀਂ ਵੇਖਦੇ। ਇਸ ਦੀ ਬਜਾਏ ਉਹ ਸਿਰਫ 'ਡਾਊਨ ਸਿੰਡਰੋਮ' ਵੇਖਦੇ ਹਨ ਅਤੇ ਡਾਊਨ ਸਿੰਡਰੋਮ ਵਾਲੇ ਹਰੇਕ ਵਿਅਕਤੀ ਦੀ ਲੱਗਭਗ ਇਕੋ ਜਿਹੇ ਹੋਣ ਦੀ ਉਮੀਦ ਕਰਦੇ ਹਨ।

ਡਾਊਨ ਸਿੰਡਰੋਮ ਵਾਲੇ ਲੋਕ ਇਕ ਦੂਜੇ ਤੋਂ ਬਹੁਤ ਵੱਖਰੇ ਹੁੰਦੇ ਹਨ, ਜਿਵੇਂ ਕਿ ਅਸੀਂ ਸਾਰੇ ਵੱਖਰੇ ਹਾਂ। ਡਾਊਨ ਸਿੰਡਰੋਮ ਵਾਲਾ ਹਰ ਵਿਅਕਤੀ ਆਪਣੀ ਕਾਬਲੀਅਤ, ਯੋਗਤਾਂ, ਵਿਚਾਰਾਂ ਅਤੇ ਰੁਚੀਆਂ ਨਾਲ ਵਿਲੱਖਣ ਹੁੰਦਾ ਹੈ। ਅਤੇ, ਹਰ ਕਿਸੇ ਵਾਂਗ, ਡਾਊਨ ਸਿੰਡਰੋਮ ਵਾਲੇ ਲੋਕਾਂ ਦੀਆਂ ਤਾਕਤਾਂ ਅਤੇ ਕਮਜ਼ੋਰੀਆਂ ਹੁੰਦੀਆਂ ਹਨ। ਹਾਲਾਂਕਿ ਇਕ ਵਿਅਕਤੀ ਬਹੁਤ ਚੰਗੀ ਤਰ੍ਹਾਂ ਪੜ੍ਹ ਸਕਦਾ ਹੈ ਪਰ ਮੁਢਲਾ ਗਣਿਤ ਉਸਨੂੰ ਮੁਸ਼ਕਲ ਲੱਗਦਾ ਹੈ, ਦੂਸਰਾ ਸ਼ਾਇਦ ਪਹਿਲੇ ਦਰਜੇ ਦਾ ਰਸੋਈਆ ਹੋਵੇ ਅਤੇ ਭਾਈਚਾਰੇ ਵਿਚ ਸੁਤੰਤਰ ਤੌਰ ਤੇ ਰਹਿੰਦਾ ਹੋਵੇ, ਪਰ ਉਸਨੂੰ ਸਾਫ਼ ਬੋਲਣ ਲਈ ਮਿਹਨਤ ਕਰਨੀ ਪੈਂਦੀ ਹੋਵੇ। ਸੰਭਾਵਨਾ ਹੈ ਕਿ ਡਾਊਨ ਸਿੰਡਰੋਮ ਵਾਲੇ ਲੋਕ ਵੀ ਆਪਣੇ ਪਰਿਵਾਰ ਦੇ ਦੂਜੇ ਜੀਆਂ ਵਾਂਗ, ਉਸੇ ਤਰ੍ਹਾਂ ਦੇ ਉਤਸ਼ਾਹ, ਸਭਿਆਚਾਰ, ਰੁਚੀਆਂ ਅਤੇ ਹੁਨਰਾਂ ਵਿਚ ਸਾਂਝ ਰੱਖਦੇ ਹਨ, ਜਿਵੇਂ ਕਿ ਅਸੀਂ ਸਾਰੇ ਰੱਖਦੇ ਹਾਂ।

ਡਾਊਨ ਸਿੰਡਰੋਮ ਵਾਲੇ ਸਾਰੇ ਲੋਕ ਇਕੋ ਜਿਹੇ ਨਹੀਂ ਦਿੱਸਦੇ ਹਨ। ਦਰਅਸਲ, ਡਾਊਨ ਸਿੰਡਰੋਮ ਵਾਲੇ ਲੋਕ ਆਪਣੇ ਪਰਿਵਾਰ ਵਿਚ ਦੂਸਰੇ ਲੋਕਾਂ ਵਾਂਗ ਜ਼ਿਆਦਾ ਦਿਖਾਈ ਦਿੰਦੇ ਹਨ, ਬਜਾਏ ਕਿ ਉਹ ਡਾਊਨ ਸਿੰਡਰੋਮ ਵਾਲੇ ਦੂਜੇ ਲੋਕਾਂ ਵਰਗੇ ਦਿਖਾਈ ਦਿੰਦੇ ਹਨ। ਹਾਲਾਂਕਿ ਡਾਊਨ ਸਿੰਡਰੋਮ ਨਾਲ ਜੁੜੇ ਕੁੱਝ ਸ਼ਰੀਰਕ ਨਕਸ਼ ਹਨ, ਇਸ ਵਿੱਚ ਇੱਕ ਵੱਡੀ ਭਿੰਨਤਾ ਹੈ ਕਿ ਇਹਨਾਂ ਵਿੱਚੋਂ ਕਿੰਨੇ ਨਕਸ਼ ਕਿਸੇ ਵਿਅਕਤੀ ਵਿਚ ਹੋ ਸਕਦੇ ਹਨ। ਕੁਝ ਲੋਕਾਂ ਲਈ, ਇੱਕ ਨਕਸ਼ ਬਹੁਤ ਉਘੜਵਾਂ ਹੋ ਸਕਦਾ ਹੈ, ਜਦੋਂ ਕਿ ਦੂਜੇ ਵਿੱਚ ਇਹ ਬਿਲਕੁਲ ਮੌਜੂਦ ਵੀ ਨਾ ਹੋਵੇ।ਮਹੱਤਵਪੂਰਣ ਗੱਲ ਇਹ ਹੈ ਕਿ ਡਾਊਨ ਸਿੰਡਰੋਮ ਦੇ ਸ਼ਰੀਰਕ ਨਕਸ਼ ਜੋ ਕਿਸੇ ਵਿਅਕਤੀ ਕੋਲ ਹੋ ਸਕਦੇ ਹਨ, ਸਾਨੂੰ ਉਸ ਵਿਅਕਤੀ ਦੀ ਬੌਧਿਕ ਯੋਗਤਾ ਬਾਰੇ ਕੁਝ ਨਹੀਂ ਦੱਸਦੇ ਹਨ।

ਇਕ ਹੋਰ ਆਮ ਗਲਤ ਧਾਰਣਾ ਇਹ ਹੈ ਕਿ ਡਾਊਨ ਸਿੰਡਰੋਮ ਵਾਲੇ ਸਾਰੇ ਲੋਕ ਖੁਸ਼ ਅਤੇ ਪਿਆਰ ਭਰੇ ਹੁੰਦੇ ਹਨ। ਡਾਊਨ ਸਿੰਡਰੋਮ ਵਾਲੇ ਲੋਕ ਵੀ ਉਹੀ ਭਾਵਨਾਵਾਂ ਦਾ ਅਨੁਭਵ ਕਰਦੇ ਹਨ ਜੋ ਹਰ ਕੋਈ ਕਰਦਾ ਹੈ। ਉਹ ਖੁਸ਼, ਉਦਾਸ, ਸ਼ਰਮਿੰਦਾ, ਨਿਰਾਸ਼, ਵਿਚਾਰਾਂ ਵਾਲੇ ਅਤੇ ਪਿਆਰ ਵਿੱਚ ਪਏ ਅਤੇ ਬਾਹਰ ਨਿਕਲੇ ਹੋ ਸਕਦੇ ਹਨ, ਜਿਵੇਂ ਅਸੀਂ ਸਾਰੇ ਕਰਦੇ ਹਾਂ। ਹਾਲਾਂਕਿ, ਉਹਨਾਂ ਨੂੰ ਭਾਵਨਾਵਾਂ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਮੁਸ਼ਕਲ ਹੋ ਸਕਦਾ ਹੈ। ਇਸ ਨਾਲ ਨਿਰਾਸ਼ਾ ਹੋ ਸਕਦੀ ਹੈ ਅਤੇ ਵਿਵਹਾਰਾਂ ਰਾਹੀਂ ਭਾਵਨਾਵਾਂ ਦਾ ਪ੍ਰਗਟਾਵਾ ਹੋ ਸਕਦਾ ਹੈ।

1300 881 935
18/71 Victoria Crescent, Abbotsford VIC 3067
info@downsyndrome.org.au
www.downsyndrome.org.au